**ਦਫਤਰ ਡਿਪਟੀ ਕਮਿਸ਼ਨਰ, ਲੁਧਿਆਣਾ**

(ਐਮ. ਏ ਸ਼ਾਖਾ)

ਸੇਵਾ ਵਿੱਖੇ,

1. ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ), ਲੁਧਿਆਣਾ।
2. ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਲੁਧਿਆਣਾ।
3. ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ/ਪ੍ਰਾਇਮਰੀ)., ਲੁਧਿਆਣਾ।
4. ਕਾਰਜਕਾਰੀ ਇੰਜੀਨੀਅਰ, ਵਾਟਰ ਸਪਲਾਈ ਅਤੇ ਸੈਨਿਟੇਸ਼ਨ ਵਿਭਾਗ, ਲੁਧਿਆਣਾ।
5. ਸਮੂਹ ਕਾਰਜ ਸਾਧਕ ਅਫਸਰ, ਨਗਰ ਕੌਂਸਲਾਂ, ਜਿਲ੍ਹਾ ਲੁਧਿਆਣਾ (ਰਾਹੀਂ ਏ.ਡੀ.ਸੀ (ਯੂ.ਡੀ)।

ਨੰ- 25081-92/ਐਮ.ਏ ਮਿਤੀ – 22.11.2024

**ਵਿਸ਼ਾ-** **ਰਾਸ਼ਟਰੀ ਜਲ ਪੁਰਸਕਾਰ (NWAS) ਦੇ ਆਯੋਜਨ ਸਬੰਧੀ।**

ਉਪਰੋਕਤ ਵਿਸੇ ਦੇ ਸਬੰਧੀ ਵਿੱਚ ਮੁੱਖ ਇੰਜੀਨੀਅਰ/ਨਹਿਰਾਂ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਵਲੋਂ ਪ੍ਰਾਪਤ ਪੱਤਰ ਨੰਬਰ 1749-72/ਐਸ.ਸੀ/ਜੀ.ਡਬਲਯੂ/2024 ਮਿਤੀ 12.11.2024 ਦੀ ਕਾਪੀ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਮਾਮਲੇ ਸਬੰਧੀ ਨਿਯਮਾਂ/ਰੂਲਾਂ ਅਨੁਸਾਰ ਲੋੜੀਂਦੀ ਕਾਰਵਾਈ ਕਰਨ ਉਪਰੰਤ ਆਪਣੀ ਸਵੈ-ਸਪੱਸ਼ਟ ਰਿਪੋਰਟ ਇਸ ਦਫਤਰ ਨੂੰ ਤੁਰੰਤ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

**ਇਸ ਨੂੰ ਪਰਮ ਅਗੇਤ ਦਿੱਤੀ ਜਾਵੇ ਜੀ।**

ਸੁਪਰਡੰਟ-ਗ੍ਰੇਡ2(ਮਾਲ)
ਦਫਤਰ ਡਿਪਟੀ ਕਮਿਸ਼ਨਰ,
ਲੁਧਿਆਣਾ।

ਨੰ- 25093/ਐਮ.ਏ. ਮਿਤੀ: 22.11.2024

ਇਸ ਦਾ ਇੱਕ ਉਤਾਰਾ ਮੁੱਖ ਇੰਜੀਨੀਅਰ/ਨਹਿਰਾਂ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਸਬੰਧਤ ਵਿਭਾਗਾਂ ਨਾਲ ਤਾਲਮੇਲ ਕਰਨ ਅਤੇ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ-ਗ੍ਰੇਡ2(ਮਾਲ)
ਦਫਤਰ ਡਿਪਟੀ ਕਮਿਸ਼ਨਰ,
ਲੁਧਿਆਣਾ।

Scanned with CamScanner

**ਮੁੱਖ ਇੰਜੀਨੀਅਰ/ਨਹਿਰਾਂ,**

**ਜਲ ਸਰੋਤ ਵਿਭਾਗ, ਪੰਜਾਬ,**

**ਚੰਡੀਗੜ੍ਹ।**

**(Email id: cecanals.dwr.chd@punjab.gov.in)**

---

**ਨੰਬਰ** 1749-72/SE/GW/2024 **ਮਿਤੀ** 12/11/2024

**ਵੱਲ,**

ਸਮੂਹ ਡਿਪਟੀ ਕਮਿਸ਼ਨਰਜ਼,
ਪੰਜਾਬ।

**ਵਿਸ਼ਾ-** **ਰਾਸ਼ਟਰੀ ਜਲ ਪੁਰਸਕਾਰ (NWAS) ਦੇ ਆਯੋਜਨ ਸਬੰਧੀ।**

ਹਵਾਲਾ- ਭਾਰਤ ਸਰਕਾਰ ਜਲ ਸ਼ਕਤੀ ਮੰਤਰਾਲੇ ਜਲ ਸੰਸਥਾਨ ਨਦੀ ਵਿਕਾਸ ਅਤੇ ਗੰਗਾ ਸੰਰਖਸ਼ਣ ਵਿਭਾਗ ਦੇ ਅਰਧ ਸਰਕਾਰੀ ਪੱਤਰ ਨੰਬਰ K-11025/36/2023-IEC-Part(1)/28 ਮਿਤੀ 29/10/2024

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਅਰਧ ਸਰਕਾਰੀ ਪੱਤਰ ਦੇ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਲ ਸਰੋਤ ਨਦੀ ਵਿਕਾਸ ਅਤੇ ਗੰਗਾ ਪੁਨਰਜੀਵਨ ਵਿਭਾਗ, ਜਲ ਸ਼ਕਤੀ ਮੰਤਰਾਲੇ ਨੂੰ ਦੇਸ਼ ਵਿੱਚ ਜਲ ਸਰੋਤਾਂ ਦੇ ਪ੍ਰਭਾਵਸ਼ਾਲੀ ਪ੍ਰਬੰਧਨ ਦਾ ਕੰਮ ਸੌਂਪਿਆ ਗਿਆ ਹੈ। ਇਸ ਖੇਤਰ ਵਿੱਚ ਕੰਮ ਕਰ ਰਹੇ ਸਿਵਲ ਸੋਸਾਇਟੀ/ਸੰਸਥਾਵਾ, ਗ੍ਰਾਮ ਪੰਚਾਇਤਾਂ, ਸ਼ਹਿਰੀ ਸਥਾਨਕ ਸੰਸਥਾਵਾਂ, ਸਕੂਲਾਂ/ਕਾਲਜਾਂ ਅਤੇ ਜਲ ਉਪਭੋਗਤਾ ਐਸੋਸੀਏਸ਼ਨਾਂ ਆਦਿ ਸਮੇਤ ਸਾਰੇ ਹਿੱਸੇਦਾਰਾਂ ਨੂੰ ਉਤਸ਼ਾਹਿਤ ਕਰਨ ਲਈ ਸਬੰਧਤ ਵਿਭਾਗ ਵੱਲੋਂ 2018 ਤੋਂ ਰਾਸ਼ਟਰੀ ਪੁਰਸਕਾਰ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਲਈ ਸਬੰਧਤ ਵਿਭਾਗ ਵੱਲੋਂ ਮਿਤੀ 23/10/2024 ਤੋਂ ਸ਼ੁਰੂ ਕੀਤੇ ਜਾ ਰਹੇ 6ਵੇਂ ਨੈਸ਼ਨਲ ਵਾਟਰ ਐਵਾਰਡਾਂ ਲਈ ਹੁਣ ਨਾਮਜ਼ਦਗੀਆਂ ਮੰਗੀਆਂ ਜਾ ਰਹੀਆਂ ਹਨ। ਇਹਨਾਂ ਪੁਰਸਕਾਰਾਂ ਦਾ ਉਦੇਸ਼ 09 ਸ਼੍ਰੇਣੀਆਂ ਨੂੰ ਉਤਸ਼ਾਹਿਤ ਕਰਨਾ ਅਤੇ ਸਨਮਾਨਿਤ ਕਰਨਾ ਹੈ।

ਇਸ ਲਈ ਹਵਾਲੇ ਅਧੀਨ ਪੱਤਰ ਰਾਹੀਂ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਦੇ ਜ਼ਿਲ੍ਹੇ ਅਧੀਨ ਆਉਂਦੇ ਖੇਤਰ ਵਿੱਚ ਧਰਤੀ ਹੇਠਲੇ ਪਾਣੀ ਨੂੰ ਵਧਾਉਣ, ਮੀਂਹ ਦੇ ਪਾਣੀ ਦੀ ਸੰਭਾਲ ਅਤੇ ਪਾਣੀ ਦੀ ਰੀਸਾਈਕਲਿੰਗ ਆਦਿ ਸਬੰਧੀ ਕੰਮ ਜੋ ਕਿ ਹਵਾਲਾ ਅਧੀਨ ਪੱਤਰ ਵਿੱਚ ਦਰਜ ਸ਼੍ਰੇਣੀਆਂ ਦੁਆਰਾ ਕੀਤੇ ਗਏ ਹਨ ਉਹਨਾਂ ਦੇ ਨਾਮ ਇਸ ਦਫਤਰ ਨੂੰ ਭੇਜੇ ਜਾਣ ਤਾਂ ਜੋ ਇਹਨਾਂ ਨੂੰ ਐਵਾਰਡ ਦੇਣ ਦੀ ਤਜਵੀਜ਼ ਭੇਜੀ ਜਾ ਸਕੇ।

ਨੱਥੀ/ਗਾਈਡਲਾਈਨਜ਼ ਦੀ ਕਾਪੀ

**ਮੁੱਖ ਇੰਜੀਨੀਅਰ/ਨਹਿਰਾਂ**

Scanned with CamScanner

## ਦਫਤਰ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ),ਲੁਧਿਆਣਾ ।

ਪਿੱਠ ਅੰਕਣ ਨੰ.-ਸੈ.ਸਿ/ਜੀ-6/2024-750 ਮਿਤੀ-ਲੁਧਿਆਣਾ 13/12/2024

ਉਪਰੋਕਤ ਦਾ ਉਤਾਰਾ ਸਮੂਹ ਸਸਸਸ,ਸਹਸ,ਸਮਿਸ,ਏਡਿਡ,ਪ੍ਰਾਈਵੇਟ ਸਕੂਲ ਮੁਖੀਆਂ ਨੂੰ ਸੂਚਨਾ ਹਿੱਤ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉੱਕਤ ਪੱਤਰ ਵਿੱਚ ਦਰਜ ਹੁਕਮਾਂ/ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਦੇ ਹੋਏ ਬਣਦਿਆਂ ਯੋਗ ਨੋਮੀਨੇਸ਼ਨਾਂ ਇਸ ਦਫਤਰ ਨੂੰ ਮਿਤੀ 17/12/2024 ਸਵੇਰੇ 11 ਵਜੇ ਤੱਕ ਨਾਲ ਨੱਥੀ ਪ੍ਰੋਫਾਰਮੇ ਵਿੱਚ ਭਰਕੇ(ਤਿੰਨ ਪੜਤਾਂ) ਹਾਰਡ ਕਾਪੀ ਜਮਾਂ ਕਰਵਾਉਣਾ ਯਕੀਨੀ ਬਣਾਇਆ ਜਾਵੇ । ਉਕਤ ਮਿਤੀ ਤੋਂ ਬਾਅਦ ਕੋਈ ਵੀ ਨੋਮੀਨੇਸ਼ਨ ਵਿਚਾਰਿਆ ਨਹੀਂ ਜਾਵੇਗਾ ।

—ਸਹੀ—

ਜਿਲ੍ਹਾ ਸਿੱਖਿਆ ਅਫਸਰ(ਸੈ.ਸਿ),

ਲੁਧਿਆਣਾ । ਬ.ਕੁਮਾਰ